# ☬ ਬਿਲਗੇ ਦਾ ਇਤਿਹਾਸ ☬

ਬਹੁਤੇ ਇਤਿਹਾਸਕਾਰਾਂ ਨੇ ਇਸ ਪਿੰਡ ਬਾਰੇ ਭੁਲੇਖਾ ਪਾਇਆ ਹੋਇਆ ਹੈ। ਦਰਅਸੱਲ ਸੁਣੀ ਗੱਲ ਇਤਿਹਾਸਕਾਰ ਲਿਖਦੇ ਰਹੇ ਹਨ। ਇਥੋਂ ਤੱਕ ਕਿ ਪੰਜਾਬੀ ਦੇ ਮਹਾਨ ਕੋਸ਼ਕਾਰ ਅਤੇ ਪੰਡਿਤ ਭਾਈ ਕਾਨ੍ਹ ਸਿੰਘ ਨਾਭਾ ਜੀ ਵੀ ਭੁਲੇਖਾ ਖਾ ਗਏ ਹਨ। ਉਨ੍ਹਾਂ ਮਹਾਨ ਕੋਸ਼ ਵਿਚ ਲਿਖਿਆ ਹੈ : ਬਿਲਗਾ – ਜ਼ਿਲ੍ਹਾ ਜਲੰਧਰ ਤਹਿਸੀਲ ਨਵਾਂ ਸ਼ਹਿਰ, ਥਾਣਾ ਫਿਲੌਰ ਦਾ ਇੱਕ ਪਿੰਡ ਜੋ ਖਾਸ ਰੇਲਵੇ ਸਟੇਸ਼ਨ ਹੈ। ਜਦਕਿ ਬਿਲਗੇ ਦੀ ਤਹਿਸੀਲ ਨਵਾਂ ਸ਼ਹਿਰ ਕਦੀ ਵੀ ਨਹੀਂ ਰਹੀ।

## ਭੁਗੋਲਿਕ ਪੱਖ :

ਬਿਲਗਾ ਪਿੰਡ ਭਾਰਤ ਦੇਸ਼ ਦੇ ਸੂਬੇ ਪੰਜਾਬ ਵਿੱਚ ਵੱਸਦੇ ਜ਼ਿਲ੍ਹਾ ਜਲੰਧਰ ਦੀ ਜਰਖ਼ੇਜ਼ ਜ਼ਮੀਨ ਤੇ ਤਹਿਸੀਲ ਫਿਲੌਰ ਵਿੱਚ ਵਸਿਆ ਹੋਇਆ ਹੈ। ਨਕੋਦਰ ਤੋਂ ਫਿਲੌਰ ਜਾਣ ਵਾਲੀ ਸੜਕ ਤੋਂ ਲਗਭਗ ਡੇਢ ਕਿਲੋਮੀਟਰ ਤੇ ਸਥਿਤ ਹੈ। ਲੁਧਿਆਣਾ ਲੋਹੀਆਂ ਰੇਲਵੇ ਲਾਈਨ ਬਿਲਗੇ ਦੀ ਧਰਤੀ ਦੇ ਸੀਨੇ ਉੱਪਰ ਦੀ ਜਾਂਦੀ ਹੈ। ਬਿਲਗੇ ਦਾ ਆਪਣਾ ਰੇਲਵੇ ਸਟੇਸ਼ਨ ਵੀ ਹੈ। ਸਤਲੁਜ ਦਰਿਆ ਤੋਂ ਕੋਈ ਅੱਠ ਕਿਲੋਮੀਟਰ ਦੀ ਵਿੱਥ ਤੇ ਹੈ। ਪੂਰਬ ਵੱਲ ਮੁਆਈ ਅਤੇ ਔਜਲਾ, ਪੱਛਮ ਵਲ ਗੁਮਟਾਲੀ, ਗੁਮਟਾਲਾ ਤੇ ਉੱਤਰ ਵੱਲ ਫਰਵਾਲਾ, ਸ਼ਾਮਪੁਰਾ, ਬਹਾਦਰ ਪੁਰਾ ਅਤੇ ਦੱਖਣ ਵੱਲ ਇਤਿਹਾਸਿਕ ਪਿੰਡ ਪੁਆਦੜਾ ਹੈ। ਦੱਖਣ ਪੱਛਮ ਵੱਲ ਹੀ ਇੱਕ ਹੋਰ ਇਤਿਹਾਸਕ ਪਿੰਡ ਤਲਵਣ ਹੈ। ਬਿਲਗੇ ਦਾ ਪਸਾਰ ਇੱਥੇ ਤੱਕ ਕਿਵੇਂ ਹੋਇਆ ? ਇਸ ਦੇ ਪਿੱਛੇ ਵੀ ਇਕ ਮਹਾਨ ਘਟਨਾ ਜੁੜੀ ਹੋਈ ਹੈ। ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਬਿਲਗੇ ਦਾ ਇਤਿਹਾਸ ਹੀ ਘਟਨਾਵਾਂ ਨਾਲ ਭਰਿਆ ਪਿਆ ਹੈ।

## ਇਤਿਹਾਸਕ ਤੱਥ :

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਉਣ ਤੋਂ ਪਹਿਲਾਂ ਦਾ ਇਤਿਹਾਸ ਬੜਾ ਗੁੰਝਲਦਾਰ ਹੈ। ਬਹੁਤ ਸਾਰੇ ਵਿਦਵਾਨਾਂ ਤੋਂ ਇਸ ਬਾਰੇ ਸੁਣ ਕੇ ਅਤੇ ਧਰਮ ਗ੍ਰੰਥਾ ਚੋਂ ਪੜ੍ਹ ਕੇ ਅਸੀਂ ਇੱਕ ਹੀ ਨਿਰਨੇ ਤੇ ਪੁੱਜੇ ਹਾਂ।

ਬਿਲਗਾ ਨਗਰ ਮਹਾਨ ਸ਼ਖ਼ਸੀਅਤ ਭਾਈ ਬੇਗਾ ਦੇ ਨਾਂ ਤੇ ਵਸਿਆ ਹੋਇਆ ਹੈ। ਪਹਿਲਾਂ ਬਿਲਗਾ ਅਤੇ ਤਲਵਣ ਦੀ ਸਾਰੀ ਭੋਇ ਇੱਕੋ ਥਾਂ ਸੀ ਅਤੇ ਇਹ ਇੱਕ ਹੀ ਪਿੰਡ ਸੀ। ਅਸੀਂ ਇਸ ਸੰਯੁਕਤ ਪਿੰਡ ਦੇ ਨਾਂ ਤੱਕ ਨਹੀਂ ਪਹੁੰਚ ਸਕੇ। ਇਸ ਪਿੰਡ ਦੇ ਚੌਧਰੀ ਦੋ ਭਰਾ ਸਨ। ਜਿਨ੍ਹਾਂ ਦੇ ਨਾਂ ਬੇਗਾ ਤੇ ਤੇਗਾ ਸਨ। ਦੋਵਾਂ ਭਰਾਵਾਂ ਦੀ ਨਿਭਣੀ ਮੁਸ਼ਕਿਲ ਹੋ ਗਈ ਤਾਂ ਉਨ੍ਹਾਂ ਜਾਇਦਾਦ ਵੰਡਣ ਬਾਰੇ ਸੋਚੀ। ਨਿਰਣਾ ਹੋਇਆ ਕਿ ਬੇਗਾ ਆਪਣੇ ਘੋੜੇ ਨੂੰ ਅਤੇ ਤੇਗਾ ਆਪਣੇ ਘੋੜੇ ਨੂੰ ਨਿਸ਼ਚਿਤ ਥਾਵਾਂ ਤੋਂ ਨਿਸ਼ਚਿਤ ਸਮੇਂ ਛੱਡਣਗੇ। ਜਿੱਥੇ ਘੋੜੇ ਮਿਲਣਗੇ ਓਹੁ ਜਗ੍ਹਾ ਬਿਲਗਾ ਤੇ ਤਲਵਣ ਦੀ ਹੱਦ ਮੰਨੀ ਜਾਵੇਗੀ। ਬੇਗਾ ਸਾਧੂ ਸੁਭਾਅ ਸੀ ਅਤੇ ਚੁਸਤੀ ਜਾਂ ਚਲਾਕੀ ਉਸ ਕੋਲ ਨਹੀਂ ਸੀ। ਪਰ ਤੇਗਾ ਕਪਟੀ ਕਿਸਮ ਦਾ ਆਦਮੀ ਸੀ। ਜਦੋਂ ਘੋੜਿਆਂ ਦੀਆਂ ਅੱਖਾਂ ਬੰਨ੍ਹ ਕੇ ਛਡਣ ਦਾ ਵਕਤ ਆਉਣਾ ਸੀ ਉਸ ਤੋਂ ਪਹਿਲਾਂ ਹੀ ਤੇਗੇ ਨੇ ਘੋੜਾ ਛੱਡ ਦਿੱਤਾ। ਬੇਗੇ ਨੇ ਈਮਾਨ ਉੱਪਰ ਰਹਿ ਕੇ ਆਪਣਾ ਘੋੜਾ ਵਕਤ ਸਿਰ ਛੱਡਿਆ। ਜਿਸਦਾ ਨਤੀਜਾ ਇਹ ਹੋਇਆ ਕਿ ਤੇਗਾ ਜ਼ਿਆਦਾ ਜ਼ਮੀਨ ਵਗਲ ਗਿਆ। ਦੋਵੇਂ ਘੋੜੇ ਉਸ ਥਾਂ ਮਿਲੇ ਜਿਥੇ ਅੱਜ ਕਲ੍ਹ ਬਿਲਗੇ ਤੇ ਤਲਵਣ ਦੀ ਸਰਹੱਦ ਹੈ। ਬੇਗੇ ਨੇ ਆਪਣੀ ਭੋਇੰ ਵਿਚ ਵਸਣਾ ਸ਼ੁਰੂ ਕੀਤਾ ਤੇ ਤੇਗੇ ਨੇ ਆਪਣੀ ਭੋਇੰ ਵਿਚ। ਦੋਹਾਂ ਪਿੰਡਾਂ ਦੀ ਸਰਹੱਦ ਨੂੰ ਆਧੇ ਵਾਲੀ ਖੂਹੀ ਆਖਦੇ ਹਨ। ਹੱਦ ਉਪਰ ਹੀ ਇੱਕ ਛੱਪੜ ਹੈ। ਜਿਸ ਨੂੰ ਆਧੇ ਵਾਲਾ ਛੱਪੜ ਕਹਿੰਦੇ ਹਨ। ਇਹ ਸਥਾਨ ਬਿਲਗਾ ਤਲਵਣ ਲਿੰਕ ਰੋਡ ਉਪਰ ਸਥਿਤ ਹੈ।

## ਅੱਗ ਲੱਗਣ ਦਾ ਰਹੱਸ :

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਬੇਗਾ ਸਾਧੂ ਸੁਭਾਅ ਸੀ। ਪਰ ਗੁਆਚੀ ਗੀਜ਼ ਦਾ ਹਰ ਇਕ ਨੂੰ ਦੁੱਖ ਹੁੰਦਾ ਹੈ। ਬੇਗੇ ਨਾਲ ਤੇਗੇ ਨੇ ਧੋਖਾ ਕੀਤਾ ਸੀ ਅਤੇ ਅੱਧੀ ਨਾਲੋਂ ਵੱਧ ਭੋਇੰ ਵਗਲ ਗਿਆ ਸੀ। ਬੇਗੇ ਨੇ ਇਸ ਗੱਲ ਦਾ ਬਹੁਤ ਦੁੱਖ ਮਹਿਸੂਸ ਕੀਤਾ। ਉਸਦਾ ਮਨ, ਬੱਸ ਖੁੱਸ ਚੁੱਕੀ ਜ਼ਮੀਨ ਵੱਲ ਸੀ। ਜਦੋਂ ਉਹ ਆਪਣੇ ਨਿਵਾਸ ਸਥਾਨ ਤੇ ਪੁੱਜਾ ਤਾਂ ਉਸ ਦਾ ਮੂੰਹ ਲੱਥਾ ਹੋਇਆ ਸੀ। ਉਸ ਦੀ ਧਰਮ ਪਤਨੀ ਨੇ ਜਦੋਂ ਪੁਛਿਆ ਕਿ ਕਿੰਨੀ ਕੁ ਜ਼ਮੀਨ ਵਗਲ ਆਏ ਹੋ ਤਾਂ ਉਸ ਦੇ ਫੱਟਾਂ ਤੇ ਲੂਣ ਪੈ ਗਿਆ। ਦੁਖੀ ਮਨ ਵਿਚੋਂ ਸਹਿਜ ਸੁਭਾਅ ਹੀ ਨਿਕਲ ਗਿਆ ਕਿ 'ਵਥੇਰੀ ਅੱਗ ਲਾ ਆਇਆ ਹਾਂ।' ਗੁਰੂ ਵਾਕ ਹੈ ਕਿ :

"ਸਾਧੂ ਬੋਲੇ ਸਹਿਜ ਸੁਭਾਇ ਸਾਧ ਕਾ ਬੋਲਿਆ ਬਿਰਥਾ ਨਾ ਜਾਇ।।"

www.BILGA.com

ਅਚਨਚੇਤ ਮੁੱਖੋਂ ਨਿਕਲੇ ਸ਼ਬਦ ਸੱਚ ਹੋ ਨਿਕਲੇ। ਬੇਗੇ ਦੇ ਨਿਵਾਸ ਨੂੰ ਅੱਗ ਲੱਗੀ ਤੇ ਸੱਭ ਕੁੱਝ ਸਵਾਹ ਹੋ ਗਿਆ। ਇਸੇ ਤਰ੍ਹਾਂ ਬੇਗੇ ਦੀ ਜ਼ਮੀਨ ਵਿਚ ਰਹਿਣ ਵਾਲਿਆਂ ਨਾਲ ਹੋਣ ਲੱਗ ਪਿਆ। ਪਤਾ ਲੱਗਦਾ ਹੈ ਕਿ ਬੇਗਾ ਆਪਣੀ ਧੀ ਨੂੰ ਫਿਲੌਰ ਵਿਆਹ ਕੇ ਆਪ ਮੱਕੇ ਨੂੰ ਹੱਜ ਕਰਨ ਚਲੇ ਗਿਆ ਸੀ। ਗੁਰੂ ਸਾਹਿਬ ਦੇ ਉਸ ਦੀ ਔਲਾਦ ਨੂੰ ਵੀ ਦਰਸ਼ਨ ਨਸੀਬ ਨਹੀਂ ਹੋਏ। ਇਹ ਆਮ ਕਰਕੇ ਭੁਲੇਖਾ ਹੈ ਕਿ ਗੁਰੂ ਸਾਹਿਬ ਦੇ ਆਉਣ ਵੇਲੇ ਬੇਗਾ ਜਿਊਂਦਾ ਸੀ। ਬੇਗਾ ਬਿਲਗੇ ਦਾ ਚੌਧਰੀ ਜ਼ਰੂਰ ਸੀ, ਪਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਉਸਨੂੰ ਪ੍ਰਾਪਤ ਨਹੀਂ ਹੋਇਆ। ਇਕ ਸੱਜਣ ਤੋਂ ਪਤਾ ਲੱਗਾ ਕਿ ਬੇਗੇ ਦੀ ਇੱਕ ਧੀ ਸੀ। ਜਿਹੜੀ ਫਿਲੌਰ ਵਿਆਹੀ ਹੋਈ ਸੀ। ਇਸਦੇ ਪੁੱਤਰ ਤੇ ਪੁੱਤਰੀਆਂ ਭਾਵ ਬੇਗੇ ਦੇ ਦੋਹਤਰੇ ਤੇ ਦੋਹਤਰੀਆਂ ਹੀ ਸੱਤਾਂ ਪੱਤੀਆਂ ਦੇ ਮਾਲਕ ਸਨ। ਪਰ ਇਸ ਗੱਲ ਨੂੰ ਸੱਚ ਨਹੀਂ ਮੰਨਿਆ ਜਾ ਸਕਦਾ। ਬੇਗਾ ਮੁਸਲਮਾਨ ਚੌਧਰੀ ਸੀ ਅਤੇ ਵਰਤਮਾਨ ਬਿਲਗਾ ਨਿਵਾਸੀਆਂ ਦਾ ਗੋਤ ਸੰਘੇੜਾ ਹੈ। ਸੰਘੇੜਾ ਗੋਤ ਮੁਸਲਮਾਨਾਂ ਵਿੱਚ ਨਹੀਂ ਹੈ। ਇਸ ਤਰਕ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਵੇਲੇ ਬਿਲਗੇ ਦੇ ਵਾਸੀ ਗੁਰੂ ਸਾਹਿਬ ਦੇ ਸ਼ਰਧਾਲੂ ਜੱਟ ਸਿੱਖ ਸਨ।

## ਪੰਚਮ ਪਾਤਸ਼ਾਹ ਦੀ ਬਿਲਗੇ ਨਗਰ ਵਿਚ ਫੇਰੀ:

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੂਸਰੀ ਸ਼ਾਦੀ ਲਈ ਗੋਇੰਦਵਾਲ ਤੋਂ ਸਾਧੂਆਂ ਸੰਤਾਂ, ਪੀਰਾਂ ਫਕੀਰਾਂ ਤੇ ਭਗਤਾਂ ਦੀ ਜੰਞ ਲੈ ਕੇ ਮਾਓ ਸਾਹਿਬ ਵੱਲ ਚਾਲੇ ਪਾਏ। ਮਾਓ ਸਾਹਿਬ ਉਸ ਵੇਲੇ ਚੌਦਾਂ ਮੀਲਾਂ ਅਰਥਾਤ ਬਾਈ ਕਿਲੋਮੀਟਰ ਵਿਚ ਪਸਰਿਆ ਘੁੱਗ ਵਸਦਾ ਸ਼ਹਿਰ ਸੀ। ਗੁਰੂ ਸਾਹਿਬ ਸੰਗਤਾਂ ਨੂੰ ਨਿਹਾਲ ਕਰਦੇ ਰਾਹ ਵਿਚ ਪੜਾ ਕਰਦੇ ਉਪਦੇਸ਼ ਦਿੰਦੇ ਹੋਏ ਆਏ। ਬਿਲਗੇ ਤੋਂ ਪਹਿਲਾਂ ਗੁਰੂ ਸਾਹਿਬ ਆਦੀ ਕੁਲਾਰ, ਮਾਲੜੀ, ਭੰਗਾਲਾ, ਨੂਰਮਹਿਲ , ਗੁਮਟਾਲੀ ਠਹਿਰੇ। ਜਿੱਥੋ ਤੱਕ ਸਾਨੂੰ ਪਤਾ ਲੱਗ ਸਕਿਆ ਹੈ ਉਹ ਪਿੰਡ ਆਦੀ ਕੁਲਾਰ ਵਾਲਾ ਪੜਾ ਹੈ। ਇਹ ਪਿੰਡ ਨਕੋਦਰ ਕਪੂਰਥਲਾ ਸੜਕ ਤੇ ਹੈ। ਗੁਰੂ ਸਾਹਿਬ ਜੀ ਦੇ ਅਨਿਨ ਸੇਵਕ ਤੇ ਮੁੱਖ ਸੇਵਾਦਾਰ ਭਾਈ ਜੋਧਾ ਜੀ ਦੇ ਆਦੀ ਕੁਲਾਰ ਸੌਹਰੇ ਸਨ। ਭਾਈ ਜੋਧਾ ਜੀ ਬਾਰੇ ਗੁਰਦਾਸ ਜੀ ਨੇ ਵੀ ਲਿਖਿਆ ਹੈ:

"ਢੇਸੀ ਜੋਧਾ ਸੰਗ ਹੈ ਗੁਰੂ ਹਸਿ ਮਿਲੰਦਾ।"

ਜੋਧਾ ਜੀ ਬਾਅਦ ਵਿਚ ਬਾਬਾ ਸੰਗ ਨਾਮ ਨਾਲ ਮਸ਼ਹੂਰ ਹੋਏ। ਉਨ੍ਹਾਂ ਦਾ ਸਹੁਰਾ ਘਰ ਵੀ ਗੁਰੂ ਘਰ ਦਾ ਸ਼ਰਧਾਲੂ ਸੀ। ਉਨ੍ਹਾਂ ਸਤਿਗੁਰੂ ਨੂੰ ਪੜਾ ਕਰਨ ਲਈ ਕਿਹਾ। ਮੇਰੇ ਸਤਿਗੁਰੂ ਸੰਗਤ ਦੀ ਗੱਲ ਮੋੜ ਹੀ ਨਹੀਂ ਸਕਦੇ ਸਨ। 15 ਹਾੜ 29 ਜੂਨ ਨੂੰ ਗੁਰੂ ਜੀ ਨੇ ਜੰਞ ਸਮੇਤ ਆਦੀ ਕੁਲਾਰ ਬਿਸਰਾਮ ਕੀਤਾ। 30 ਜੂਨ 16 ਹਾੜ ਨੂੰ ਪਿੰਡ ਮਾਲੜੀ ਪਹੁੰਚੇ। ਹਾਲ ਬਿਰਤਾਂਤਿਕ ਢੰਗ ਨਾਲ ਕਹਿ ਸੁਣਾਇਆ। ਪਿੰਡ ਦਾ ਵਾਧਾ ਨਾ ਹੋਣ ਦੀ ਤਕਲੀਫ ਦੱਸੀ। ਬਾਬਾ ਬੁੱਢਾ ਜੀ ਨੂੰ ਸਮਝ ਆਈ ਤੇ ਉਨ੍ਹਾਂ ਅਸਲੀ ਗੁਰੂ ਦੀ ਪਹਿਚਾਣ ਕਰਵਾਈ। ਉਨਾਂ ਸੰਗਤਾਂ ਨੂੰ ਸਤਿਗੁਰਾਂ ਅੱਗੇ ਫਰਿਆਦ ਕਰਨ ਲਈ ਆਖਿਆ ਅਤੇ ਆਖਿਆ ਕਿ ਗੁਰੂ ਅਰਜਨ ਦੇਵ ਜੀ ਹੀ ਇਸ ਮੁਸ਼ਕਲ ਨੂੰ ਟਾਲ ਸਕਦੇ ਹਨ। ਸੰਗਤਾਂ ਨੇ ਗੁਰੂ ਸਾਹਿਬ ਦੇ ਅੱਗੇ ਜੋੜੀ ਕੀਤੀ। ਗੁਰੂ ਸਾਹਿਬ ਨੇ ਮਧੁਰ ਆਵਾਜ਼ ਵਿਚ ਸਾਧ ਸੰਗਤ ਨੂੰ ਇਸ ਸਮੱਸਿਆ ਬਾਰੇ ਦਸਿਆ। ਅਤੇ ਸਮਝਾਇਆ ਕਿ ਕਿਸੇ ਸਾਧੂ ਸੰਤ ਦਾ ਵਾਕ ਹੋ ਚੁੱਕਾ ਹੈ, ਜਿਸ ਦੇ ਕਾਰਨ ਇਹ ਅੱਗ ਲਗਦੀ ਹੈ। ਕਿਉਂਕਿ ਮਹਾਂ ਪੁਰਖਾਂ ਦੇ ਵਾਕ ਬਿਰਥਾ ਨਹੀਂ ਜਾਂਦੇ। ਗੁਰੂ ਸਾਹਿਬ ਨੇ ਸੰਗਤ ਨੂੰ ਦੱਸਿਆ ਕਿ ਪ੍ਰਮਾਤਮਾ ਹਰ ਜੀਵ ਵਿਚ ਵਸਦਾ ਹੈ, ਉਸ ਦਾ ਸਿਮਰਣ ਕਰੋ। ਉਹ ਸੱਭ ਦੁੱਖ ਕੱਟ ਦਿੰਦਾ ਹੈ। ਗੁਰੂ ਸਾਹਿਬ ਨੇ ਸੰਗਤ ਦੀ ਅਪਾਰ ਸ਼ਰਧਾ ਵੇਖ ਕੇ ਬਿਲਗੇ ਨੂੰ ਵਰ ਦਿੱਤਾ ਕਿ ਅੱਗ ਲੱਗੇਗੀ ਹਰ ਆਏ ਸਾਲ, ਪਰ ਨੁਕਸਾਨ ਨਹੀਂ ਹੋਵੇਗਾ। ਅਤੇ ਇਹ ਪਿੰਡ ਇੱਕ ਦਿਨ ਸੱਤ ਕੁਲੀਆਂ ਤੋਂ ਸੱਤ ਪੱਤੀਆਂ ਤੱਕ ਤਰੱਕੀ ਕਰੇਗਾ। ਮੇਰੇ ਸਤਿਗੁਰੂ ਦੇ ਬਚਨ ਵੀ ਪੂਰੇ ਹੋਏ। ਹੁਣ ਅੱਗ ਹਰ ਆਏ ਸਾਲ ਲੱਗਦੀ ਹੈ। ਪਰ ਨੁਕਸਾਨ ਪਾਈ ਦਾ ਵੀ ਨਹੀਂ ਹੁੰਦਾ।

ਉਪਰੋਕਤ ਕਥਾ 19 ਹਾੜ 2 ਜੁਲਾਈ ਦੀ ਦੱਸੀ ਜਾਂਦੀ ਹੈ। ਗੁਰੂ ਸਾਹਿਬ ਨੇ ਜਦੋਂ ਤਿਆਰੀ ਆਰੰਭੀ ਤਾਂ ਸੰਗਤ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੰਞ ਦਾ ਢੁਕਾਓ ਤਾਂ 21 ਹਾੜ ਦਾ ਹੈ। ਜੇ ਸਾਡੇ ਉੱਪਰ ਕ੍ਰਿਪਾ ਕਰਕੇ ਸਾਨੂੰ ਸੇਵਾ ਦਾ ਮੌਕਾ ਦਿਉ। ਗੁਰੂ ਜੀ ਸੰਗਤ ਦੀ ਗੱਲ ਕਿਵੇਂ ਪੂਰੀ ਨਾ ਕਰਦੇ। ਗੁਰੂ ਜੀ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ 3 ਅਤੇ 4 ਜੁਲਾਈ ਅਨੁਸਾਰ 19 ਅਤੇ 20 ਹਾੜ ਨੂੰ ਬਿਲਗੇ ਵਿਚ ਹੀ ਆਰਾਮ ਕੀਤਾ। ਬਿਲਗਾ ਨਿਵਾਸੀਆਂ ਨੇ ਗੁਰੂ ਜੀ ਦੇ ਦਰਸ਼ਨ ਵੀ ਕੀਤੇ ਅਤੇ ਬਰਾਤ ਸਮੇਤ ਸੇਵਾ ਵੀ ਕੀਤੀ। 5 ਜੁਲਾਈ (21 ਹਾੜ) ਨੂੰ ਜਦੋਂ ਸਤਿਗੁਰੂ ਮਾਓ ਸਾਹਿਬ ਜਾਣ ਲਈ ਤਿਆਰ ਹੋਏ ਤਾਂ ਮਾਈਆਂ ਨੇ ਸਤਿਗੁਰਾਂ ਨੂੰ ਚੌਂਕੀ ਉੱਪਰ ਬਹਾ ਕੇ ਵਟਣਾ ਮਲਿਆ ਅਤੇ ਨੁਹਾ ਕੇ ਸ਼ਗਨ ਕੀਤੇ। ਜਦੋਂ ਸੰਗ ਜੀ ਸਤਿਗੁਰਾਂ ਦਾ ਘੋੜਾ ਫੜਕੇ ਖੜੋਤੇ ਸਨ, ਅਤੇ ਬਾਕੀ ਜੰਞ ਤਿਆਰ ਸੀ ਤਾਂ ਸੰਗਤਾਂ ਨੇ ਗੁਰੂ ਸਾਹਿਬ ਤੋ ਨਿਸ਼ਾਨੀ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਆਪਣਾ ਚੋਲਾ, ਪਜ਼ਾਮਾ, ਟੋਪੀ, ਸਿਮਰਨਾ, ਅਤੇ ਚੌਂਕੀ ਆਦਿ ਅਮੁੱਲੇ ਵਸਤਰ ਬਿਲਗੇ ਨਿਵਾਸੀ ਸਾਧ ਸੰਗਤ ਨੂੰ ਦਿੱਤੇ। ਮੇਰੇ ਗੁਰਦੇਵ ਦੀ ਨਿਸ਼ਾਨੀ ਅਜੇ ਤੱਕ 5 ਮੰਜ਼ਿਲੇ ਵੱਡੇ ਗੁਰੂ ਘਰ ਵਿੱਚ ਮੌਜੂਦ ਹੈ। ਸੰਗਤ ਦੀ ਅਪਾਰ ਕ੍ਰਿਪਾ ਨਾਲ ਗੁਰਧਾਮ ਦੀ ਉਸਾਰੀ ਹੋਈ ਹੈ। ਅਜਾਇਬ ਘਰ ਵਿੱਚ ਅਮੁੱਲਾ ਸਰਮਾਇਆ ਸਾਂਭਿਆ ਪਿਆ ਹੈ।

www.BILGA.com

ਹੁਣ ਬਿਲਗਾ ਵਿਖੇ ਗੁਰਦੁਆਰਾ ਸਾਹਿਬ ਵਿਚ ਇਕ ਧਾਰਮਿਕ ਲਾਈਬ੍ਰੇਰੀ ਤੇ ਅਜਾਇਬ ਘਰ ਵੀ ਹੈ। ਗੁਰਦੁਆਰਾ ਸਾਹਿਬ ਦੀ ਦੂਸਰੀ ਮੰਜ਼ਿਲ ਵਿੱਚ ਬਣੇ ਅਜਾਇਬ ਘਰ ਵਿਚ ਮਸ਼ਹੂਰ ਚਿੱਤਰਕਾਰਾਂ ਦੁਆਰਾ ਬਣਾਏ ਹੋਏ ਸਿੱਖ ਇਤਿਹਾਸ ਨਾਲ ਸੰਬੰਧਿਤ ਚਿੱਤਰ ਗੁਰਦੁਆਰਾ ਸਾਹਿਬ ਦੀ ਸ਼ੋਭਾ ਨੂੰ ਵਧਾ ਰਹੇ ਹਨ।

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਪਵਿੱਤਰ ਅਸਥਾਨ ਦੇ ਨਾਂ ਤੇ ਦੋ ਖੂਹਾਂ ਸਮੇਤ 30 ਏਕੜ ਜ਼ਮੀਨ ਲਗਵਾਈ ਸੀ। ਜਿਸ ਤੋਂ ਗੁਰਦੁਆਰਾ ਸਾਹਿਬ ਨੂੰ ਕਾਫੀ ਆਮਦਨ ਹੋ ਰਹੀ ਹੈ।

ਇਸ ਪਵਿੱਤਰ ਅਸਥਾਨ ਲਈ ਸੰਗਤਾਂ ਵਿਚ ਬੇਹੱਦ ਪਿਆਰ ਤੇ ਸਤਿਕਾਰ ਹੈ। ਸੰਗਤਾਂ ਦੇਸ਼ ਵਿਦੇਸ਼ ਵਿੱਚੋਂ ਗੁ:ਸਾਹਿਬ ਲਈ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਭੇਜਦੀਆਂ ਹਨ। ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ।

ਇਸ ਸਮੇਂ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲੋਕਲ ਗੁ: ਪ੍ਰਬੰਧਕ ਕਮੇਟੀ ਬਹੁਤ ਹੀ ਸੁਚੱਜੇ ਢੰਗ ਨਾਲ ਕਰ ਰਹੀ ਹੈ।

WWW.BILGA.com